**Office of Deputy Commissioner, Fazilka**
**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**
**(ਫੁੱਟਕਲ ਸ਼ਾਖਾ)**

---

ਹੁਕਮ :-

Covid-19 (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ-1/ਐਮ.ਏ./2020/ 4370-92/ ਮਿਤੀ 23-03-2020 ਰਾਹੀਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ 23-03-2020 ਤੋਂ ਮਿਤੀ 31-03-2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਸਨ।

ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ, ਮੁਢਲੀਆਂ ਸਹੂਲਤਾਂ ਉਪਲਬਧ ਕਰਾਉਣ ਲਈ ਕਰਫਿਊ ਦੇ ਆਦੇਸ਼ਾਂ ਵਿਚ ਇਸ ਦਫਤਰ ਦੇ ਪੱਤਰ ਨੰਬਰ : 4469-86/ਐਮ.ਸੀ.-3/ਐਮ.ਏ. ਮਿਤੀ 23-03-2020 ਰਾਹੀਂ ਅਖ਼ਬਾਰਾਂ ਦੀ ਵੰਡ, ਦੁੱਧ ਦੀ ਸਪਲਾਈ ਅਤੇ ਪੱਠੇ ਦੀਆਂ ਟਾਲਾਂ ਅਤੇ ਫੇਰ ਇਸ ਦਫਤਰ ਦੇ ਪੱਤਰ ਨੰਬਰ 4700-30/ਐਮ.ਸੀ-1/ਐਮ.ਏ. ਮਿਤੀ 24-03-2020 ਰਾਹੀਂ ਪੈਟਰੋਲ/ਡੀਜ਼ਲ ਦੀ ਵਿੱਕਰੀ, ਗੈਸ ਦੀ ਸਪਲਾਈ, ਸਬਜ਼ੀ/ਫੱਲ ਦੀ ਵਿੱਕਰੀ, ਕਰਿਆਣੇ ਦੀ ਵਿੱਕਰੀ ਅਤੇ ਦਵਾਈਆਂ ਦੀ ਸਪਲਾਈ ਅਤੇ ਫੇਰ ਇਸ ਦਫਤਰ ਦੇ ਪੱਤਰ ਨੰਬਰ 4877-92/ਐਮ.ਸੀ-3/ਐਮ.ਏ./ਮਿਤੀ 25-03-2020 ਰਾਹੀਂ ਕੀਟਨਾਸ਼ਕ ਅਤੇ ਫਰਟੀਲਾਈਜ਼ਰ ਦੀ ਸਪਲਾਈ, ਪਸ਼ੂਆਂ/ਪੋਲਟਰੀ ਦਾ ਆਹਾਰ, ਆਟਾ ਚੱਕੀ, ਜ਼ਿੰਮੀਦਾਰਾਂ ਨੂੰ ਸਬਜ਼ੀ/ਫੱਲ ਮੰਡੀ ਅਤੇ ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਬਾਬਤ, ਕਿੰਨੂਆਂ ਦੀ ਵੈਕਸਿੰਗ ਅਤੇ ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਬਾਬਤ ਅਤੇ ਦੁੱਧ ਸੈਂਟਰਾਂ ਵਿਚ ਦੁੱਧ ਜਮ੍ਹਾਂ ਕਰਵਾਉਣ ਸਬੰਧੀ, ਸਬੰਧਤ ਅਦਾਰਿਆਂ/ਦੁਕਾਨਦਾਰਾਂ ਨੂੰ ਢਿੱਲ ਦਿੱਤੀ ਗਈ ਸੀ ਕਿ ਉਹ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਮੂਹ ਲੋੜੀਂਦੀਆਂ ਵਸਤਾਂ ਆਪਣੇ ਪੱਧਰ ਤੇ ਘਰ-2 ਪਹੁੰਚਾਉਣ ਦੇ ਜਿੰਮੇਵਾਰ ਹੋਣਗੇ, ਤਾਂ ਜੋ ਕੋਰੋਨਾ ਵਾਇਰਸ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ। ਇਹ ਆਦੇਸ਼ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ ਅਤੇ ਇਸ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਹੋਰ ਜਰੂਰੀ ਵਸਤਾਂ ਦੀ ਵੰਡ ਨੂੰ ਦੇਖਦੇ ਹੋਏ ਵੱਖ-2 ਵਸਤਾਂ ਦੀ ਵੰਡ ਅਤੇ ਸਮੇਂ ਦੇ ਵਾਧੇ ਸਬੰਧੀ ਸਮੂਹ ਅਦਾਰਿਆਂ/ਦੁਕਾਨਦਾਰਾਂ ਨੂੰ ਹੇਠ ਲਿਖੇ ਅਨੁਸਾਰ ਮਿਤੀ 31-03-2020 ਤੱਕ ਆਮ ਜਨਤਾ ਨੂੰ ਘਰ-2 ਸਹੂਲਤ ਮੁਹੱਈਆ ਕਰਵਾਉਣ ਲਈ ਢਿੱਲ ਦਿੱਤੀ ਜਾਂਦੀ ਹੈ :-

1) <u>ਪੈਟਰੋਲ/ਡੀਜ਼ਲ ਦੀ ਵਿੱਕਰੀ</u> :- ਜਿਵੇਂ ਕਿ ਪੈਟਰੋਲ ਅਤੇ ਡੀਜ਼ਲ ਦੀ ਵਿੱਕਰੀ ਸਬੰਧੀ ਪਹਿਲਾਂ ਹੀ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਸਰਵਿਸ ਮੁਹੱਈਆ ਕਰਦਾ ਰਹੇ ਵਹੀਕਲਾਂ ਨੂੰ ਪੈਟਰੋਲ ਅਤੇ ਡੀਜ਼ਲ ਮੁਹੱਈਆਂ ਕਰਵਾਇਆ ਜਾਣਾ ਬਹੁਤ ਜਰੂਰੀ ਹੈ। ਇਸ ਮੰਤਵ ਲਈ ਜ਼ਿਲ੍ਹਾ ਫਾਜ਼ਿਲਕਾ ਵਿਚ ਸਟੇਟ ਹਾਈਵੇ ਅਤੇ ਨੈਸ਼ਨਲ ਹਾਈਵੇ ਉਪਰ ਸਥਿੱਤ ਸਾਰੇ ਪੈਟਰੋਲ ਪੰਪਾਂ ਨੂੰ ਢਿੱਲ ਦਿੱਤੀ ਜਾਂਦੀ ਹੈ ਤਾਂ ਜੋ ਆਮ ਜਨਤਾ ਨੂੰ ਸਰਵਿਸ ਮੁਹੱਈਆ ਕਰਵਾਉਣ ਵਾਲੇ ਵਹੀਕਲਾਂ ਨੂੰ ਪੈਟਰੋਲ/ਡੀਜ਼ਲ ਭਰਵਾਉਣ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ।

2) <u>ਗੈਸ ਦੀ ਸਪਲਾਈ</u> :- ਜਿਵੇ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਗੈਸ ਦੀ ਸਪਲਾਈ ਆਮ ਜਨਤਾ ਨੂੰ ਉਹਨਾਂ ਦੇ ਘਰਾਂ ਵਿਚ ਪਹੁੰਚਾਉਣ ਲਈ ਮਿਤੀ 25, 27, 29, ਅਤੇ 31-03-2020 ਤੱਕ ਸਵੇਰੇ 09-00 ਵਜੇ ਤੋਂ ਦੁਪਿਹਰ 01:00 ਵਜੇ ਤੱਕ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਹੋਰ ਬੇਹੱਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ ਗੈਸ ਦੀ ਸਪਲਾਈ ਆਮ ਜਨਤਾ ਤੱਕ ਅਸਾਨੀ ਨਾਲ ਪਹੁੰਚਾਉਣ ਲਈ ਦੇ ਸਮੇਂ ਵਿਚ ਵਾਧਾ ਸਵੇਰੇ 08:00 ਵਜੇ ਤੋਂ ਸ਼ਾਮ 06:00 ਵਜੇ ਤੱਕ ਕੀਤਾ ਜਾਂਦਾ ਹੈ ਤਾਂ ਜੋ ਆਮ ਜਨਤਾ ਸਹੂਲਤ ਲੈਣ ਤੋਂ ਵਾਂਝੀ ਨਾ ਰਹਿ ਜਾਵੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

<u>ਸਬਜ਼ੀ/ਫੱਲ ਦੀ ਵਿੱਕਰੀ</u> :- ਜਿਵੇ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਸਬਜ਼ੀ/ਫੱਲ ਦੀ ਵਿੱਕਰੀ ਆਮ ਜਨਤਾ ਨੂੰ ਉਹਨਾਂ ਦੇ ਘਰਾਂ ਵਿਚ ਪਹੁੰਚਾਉਣ ਲਈ ਮਿਤੀ 26-03-2020 ਅਤੇ ਮਿਤੀ 30-03-2020 ਤੱਕ ਸਵੇਰੇ 07-00 ਵਜੇ ਤੋਂ ਦੁਪਿਹਰ 12:00 ਵਜੇ ਤੱਕ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਹੋਰ ਬੇਹੱਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ ਇੱਕ ਦਿਨ ਦਾ ਹੋਰ ਵਾਧਾ ਮਿਤੀ 28-03-2020 ਨੂੰ ਸਵੇਰੇ 07:00 ਵਜੇ ਤੋਂ ਦੁਪਿਹਰ 12:00 ਵਜੇ ਲਈ ਕੀਤਾ ਜਾਂਦਾ ਹੈ, ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

4) <u>ਕਰਿਆਣੇ ਦੀ ਵਿੱਕਰੀ</u> :- ਜਿਵੇ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਕਰਿਆਣੇ ਦੀ ਵਿੱਕਰੀ ਆਮ ਜਨਤਾ ਨੂੰ ਉਹਨਾਂ ਦੇ ਘਰਾਂ ਵਿਚ ਪਹੁੰਚਾਉਣ ਲਈ ਮਿਤੀ 25-03-2020, 27-03-2020 ਅਤੇ ਮਿਤੀ 31-03-2020 ਨੂੰ ਸਮ੍ਹਾਂ ਦੁਪਿਹਰ 12:00 ਵਜੇ ਤੋਂ ਸ਼ਾਮ 06:00 ਵਜੇ ਤੱਕ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਹੋਰ ਬੇਹੱਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ ਕਰਿਆਣੇ ਦੀ ਵਿੱਕਰੀ ਆਮ ਜਨਤਾ ਤੱਕ ਦੁਕਾਨਦਾਰਾਂ ਵੱਲੋਂ ਅਸਾਨੀ ਨਾਲ ਪਹੁੰਚਾਉਣ ਲਈ ਇਸ ਵਿਚ ਦੋ ਦਿਨ ਮਿਤੀ

Scanned with CamScanner

**<u>Office of Deputy Commissioner, Fazilka</u>**

**<u>ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ</u>**

**<u>(ਫੁੱਟਕਲ ਸ਼ਾਖਾ)</u>**

---

28-03-2020 ਅਤੇ 29-03-2020 ਦਾ ਵਾਧਾ ਅਤੇ ਨਾਲ ਹੀ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 06:00 ਵਜੇ ਤੱਕ ਕੀਤਾ ਜਾਂਦਾ ਹੈ ਤਾਂ ਜੋ ਆਮ ਜਨਤਾ ਸਹੂਲਤ ਲੈਣ ਤੋਂ ਵਾਂਝੀ ਨਾ ਰਹਿ ਜਾਵੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

5) <u>ਕੀਟਨਾਸ਼ਕ ਅਤੇ ਫਰਟੀਲਾਇਜ਼ਰ ਦੀ ਸਪਲਾਈ</u> :- ਜਿਵੇਂ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਫਸਲਾਂ ਦੀ ਉਪਜ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੀ ਸਾਂਭ-ਸੰਭਾਲ ਲਈ ਕੀਟਨਾਸ਼ਕ/ਫਰਟੀਲਾਇਜ਼ਰ ਦੀ ਸਪਲਾਈ ਲਈ ਮਿਤੀ 26-03-2020,,28-03-2020 ਅਤੇ 30-03-2020 ਨੂੰ ਸਮ੍ਹਾਂ ਬਾਅਦ ਦੁਪਿਹਰ 02:00 ਵਜੇ ਤੋਂ 06:00 ਵਜੇ ਤੱਕ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਹੋਰ ਬੇਹਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ ਕੀਟਨਾਸ਼ਕ ਅਤੇ ਫਰਟੀਲਾਇਜ਼ਰ ਦੀ ਸਪਲਾਈ ਸਬੰਧਤ ਦੁਕਾਨਦਾਰਾਂ ਵੱਲੋਂ ਜਿਮੀਦਾਰਾਂ ਤੱਕ ਅਸਾਨੀ ਨਾਲ ਪਹੁੰਚਾਉਣ ਲਈ, ਇਸ ਵਿਚ ਇੱਕ ਦਿਨ ਮਿਤੀ 27-03-2020 ਦਾ ਵਾਧਾ ਅਤੇ ਨਾਲ ਹੀ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 06:00 ਵਜੇ ਤੱਕ ਕੀਤਾ ਜਾਂਦਾ ਹੈ ਤਾਂ ਜੋ ਕੋਈ ਜਿਮੀਦਾਰ ਸਹੂਲਤ ਲੈਣ ਤੋਂ ਵਾਂਝਾ ਨਾ ਰਹਿ ਜਾਵੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

6) <u>ਕਿੰਨੂਆਂ ਦੀ ਵੈਕਸਿੰਗ ਅਤੇ ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਬਾਬਤ :-</u> ਜਿਵੇਂ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਕਿੰਨੂੰ ਦੀ ਉਪਜ ਨੂੰ ਦੇਖਦੇ ਹੋਏ, ਕਿੰਨੂੰ ਦੀ ਸੰਭਾਲ ਲਈ ਕਿੰਨੂਆਂ ਨੂੰ ਵੈਕਸਿੰਗ/ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਲਈ ਰੋਜ਼ਾਨਾ ਸਵੇਰੇ 05:00 ਵਜੇ ਤੋਂ ਦੁਪਿਹਰ 12:00 ਵਜੇ ਤੱਕ ਮੁਕੱਰਰ ਕੀਤਾ ਗਿਆ ਸੀ। ਇਸ ਵਿਚ ਸੋਧ ਕਰਦੇ ਹੋਏ, ਲੇਬਰ ਨੂੰ ਕਿੰਨੂੰ ਤੋੜਨ ਲਈ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਸਮੇਂ ਵਿਚ ਵੀ ਵਾਧਾ ਕਰਦੇ ਹੋਏ ਸਮ੍ਹਾਂ ਸਵੇਰੇ 06:00 ਵਜੇ ਤੋਂ ਸ਼ਾਮ 06:00 ਵਜੇ ਤੱਕ ਦਾ ਨਿਸ਼ਚਿਤ ਕੀਤਾ ਜਾਂਦਾ ਹੈ। ਕਿੰਨੂੰ ਵੈਕਸਿੰਗ/ਸਟੋਰੇਜ ਅਤੇ ਵਿਕਰੀ ਲਈ ਆਵਾਜਾਈ ਦਾ ਹਰ ਤਰ੍ਹਾਂ ਦਾ ਸਮੁੱਚੇ ਤੌਰ ਤੇ ਖਿਆਲ ਡਿਪਟੀ ਡਾਇਰੈਕਟਰ ਬਾਗਬਾਨੀ, ਅਬੋਹਰ ਅਤੇ ਸ੍ਰੀ ਰਨਵੀਰ ਸਿੰਘ ਜਨਰਲ ਮੈਨੇਜਰ ਪੰਜਾਬ ਐਗਰੋ, ਚੰਡੀਗੜ੍ਹ ਰੱਖਣਗੇ ਤਾਂ ਜੋ ਕਿ ਕਿਸੇ ਵੀ ਬਾਗ ਮਾਲਕ/ਜਿਮੀਦਾਰ ਨੂੰ ਕੋਈ ਮੁਸ਼ਕਲ ਨਾ ਆਵੇ ਅਤੇ ਨਾ ਹੀ ਬਾਗ ਮਾਲਕ/ਜਿਮੀਦਾਰ ਦੀ ਕਿੰਨੂੰ ਦੀ ਫਸਲ ਦਾ ਨੁਕਸਾਨ ਹੋਵੇ। ਇਹ ਦੋਨੋ ਅਧਿਕਾਰੀ ਇਹ ਵੀ ਯਕੀਨੀ ਬਣਾਉਣਗੇ ਕਿ ਅਗਰ ਕਿੰਨੂੰ ਦੀ ਆਵਾਜਾਈ ਵਿਚ ਬਾਹਰਲੇ ਰਾਜਾਂ/ਜ਼ਿਲ੍ਹੇ ਵਿਚ ਦਿੱਕਤ ਪੇਸ਼ ਆਵੇ ਤਾਂ ਸਬੰਧਤ ਅਧਿਕਾਰੀ ਨਿਮਨ ਹਸਤਾਖਰੀ ਨਾਲ ਬਿਨ੍ਹਾਂ ਕਿਸੇ ਦੇਰੀ 24×7 ਸੰਪਰਕ ਕਰਕੇ ਲੋੜ ਅਨੁਸਾਰ ਪੱਤਰ-ਵਿਵਹਾਰ ਕਰਨ ਲਈ ਨਿਮਨ ਹਸਤਾਖਰ ਦਾ ਸਹਿਯੋਗ ਲੈਣਗੇ।

7) <u>ਫਾਜ਼ਿਲਕਾ ਜ਼ਿਲ੍ਹੇ ਵਿਚ ਸਥਾਪਿਤ ਬੈਂਕਾਂ ਬਾਬਤ</u> :- ਫਾਜ਼ਿਲਕਾ ਜ਼ਿਲ੍ਹੇ ਵਿਚ ਸਥਾਪਿਤ ਵੱਖ-2 ਬੈਂਕਾਂ ਨੂੰ ਕਰਫਿਊ ਦੌਰਾਨ ਰੋਜ਼ਾਨਾ ਸਵੇਰੇ 10:00 ਵਜੇ ਤੋਂ 01:00 ਵਜੇ ਤੱਕ ਢਿੱਲ ਦਿੰਦੇ ਹੋਏ ਸਬੰਧਤ ਸਾਰੇ ਬੈਂਕਾਂ ਦੇ ਮੈਨੇਜਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਸਮੇਂ ਦੌਰਾਨ ਸਿਰਫ ਸਰਕਾਰੀ ਲੈਣ-ਦੇਣ ਹੀ ਕਰਨਗੇ।

**ਇਹ ਹੁਕਮ ਅੱਜ ਮਿਤੀ 26-03-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।**

26/3/20

**ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.**
**ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।**

ਪਿੱਠ ਅੰਕਣ ਨੰਬਰ :- 5076-96/ਐਮ.ਸੀ.3/ਐਮ.ਏ. ਮਿਤੀ 26-03-2020

ਇਸ ਦਾ ਇੱਕ ਉਤਾਰਾ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ./ਐਮ.ਏ./2020/ 4370-92/ ਮਿਤੀ 23-03-2020, ਪੱਤਰ ਨੰਬਰ 4469-86/ਐਮ.ਸੀ.-3/ਐਮ.ਏ. ਮਿਤੀ 23-03-2020, ਪੱਤਰ ਨੰਬਰ 4700-30/ਐਮ.ਸੀ-1/ਐਮ.ਏ. ਮਿਤੀ 24-03-2020 ਅਤੇ 4877-92/ਐਮ.ਸੀ-3/ਐਮ.ਏ./ਮਿਤੀ 25-03-2020 ਦੀ ਲਗਾਤਾਰਤਾ ਵਿਚ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਮੁੱਖ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ।

2) ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪੰਜਾਬ ਸਰਕਾਰ, ਚੰਡੀਗੜ੍ਹ।

3) ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਚੰਡੀਗੜ੍ਹ।

Scanned with CamScanner

**Office of Deputy Commissioner, Fazilka**

**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ)**

---

4) ਕਮਿਸ਼ਨਰ, ਫਿਰੋਜ਼ਪੁਰ ਮੰਡਲ ਫਿਰੋਜ਼ਪੁਰ।

5) ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਾਜ਼ਿਲਕਾ।

6) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।

7) ਸਿਵਲ ਸਰਜਨ, ਫਾਜ਼ਿਲਕਾ ।

8) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।

9) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।

10) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਾਜ਼ਿਲਕਾ ।

11) ਡਿਪਟੀ ਡਾਇਰੈਕਟਰ, ਬਾਗਬਾਨੀ, ਵਿਭਾਗ ਫਾਜ਼ਿਲਕਾ।

12) ਸਮੂਹ ਸਕੱਤਰ ਮਾਰਕਿਟ ਕਮੇਟੀ, ਜ਼ਿਲ੍ਹਾ ਫਾਜ਼ਿਲਕਾ।

13) ਸਬੰਧਤ ਬੈਂਕ ਮੈਨੇਜਰ ਜ਼ਿਲ੍ਹਾ ਫਾਜ਼ਿਲਕਾ ਮਾਰਫਤ ਲੀਡ ਬੈਂਕ ਮੈਨੇਜਰ ਫਾਜ਼ਿਲਕਾ।

14) ਸ੍ਰੀ ਰਨਵੀਰ ਸਿੰਘ ਜਨਰਲ ਮੈਨੇਜਰ, ਪੰਜਾਬ ਐਗਰੋ, ਚੰਡੀਗੜ੍ਹ।

15) ਪ੍ਰਧਾਨ ਪੈਟਰੋਲ ਪੰਪ ਐਸੋਸੀਏਸ਼ਨ/ ਪ੍ਰਧਾਨ ਗੈਸ ਏਜੰਸੀ/ ਪ੍ਰਧਾਨ ਸਬਜ਼ੀ/ਫੱਲ ਐਸੋਸੀਏਸ਼ਨ/ਪ੍ਰਧਾਨ ਕਰਿਆਣਾ ਐਸੋਸੀਏਸ਼ਨ/ ਪ੍ਰਧਾਨ ਕੀਟਨਾਸ਼ਕ ਅਤੇ ਫਰਟੀਲਾਇਜਰ ਐਸੋਸੀਏਸ਼ਨ/ਪ੍ਰਧਾਨ ਕਿਨੂੰ ਵੈਕਸਿੰਗ ਐਸੋਸੀਏਸ਼ਨ ਮਾਰਫਤ ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।

16) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ

ਵਾ.ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner